# 23

# ਤੁਹਾਡੀ ਕਦਰ ਉਸ ਨਾਲੋਂ ਵੱਧ ਹੈ ਜੋ ਤੁਹਾਨੂੰ ਲਗਦਾ ਹੈ

## ਮੱਤੀ 5:13, ਇਕ ਨੇੜ ਝਾਤ

ਮੈਂ ਕਲਪਨਾ ਕਰ ਸਕਦਾ ਹਾਂ ਕਿ ਮੈਂ ਲੂਣ ਅਤੇ ਚਾਨਣ ਨੂੰ ਦਰਸਾਉਣ ਲਈ ਤੁਹਾਡੇ ਸਾਹਮਣੇ ਲੂਣ ਦਾ ਇਕ ਡੱਬਾ ਅਤੇ ਇਕ ਮੋਮਬੱਤੀ ਰੱਖੀ ਹੈ। ਲੂਣ ਅਤੇ ਚਾਨਣ ਅਜਿਹੀਆਂ ਚੀਜ਼ਾਂ ਹਨ, ਜਿਨ੍ਹਾਂ ਨੂੰ ਹਰ ਮੁਲਕ ਦੇ ਲੋਕ ਵਰਤਦੇ ਹਨ। ਦੁਨੀਆਂ ਵਿਚ ਕਿਤੇ ਵੀ ਜਾਓ, ਲੂਣ ਅਤੇ ਚਾਨਣ ਮਿਲ ਹੀ ਜਾਵੇਗਾ।

ਯਿਸੂ ਦੇ ਸਮੇਂ ਵਿਚ ਵੀ ਇਹ ਹਰ ਥਾਂ ਹੁੰਦੇ ਸਨ। ਇਕ ਲੜਕੇ ਦੇ ਰੂਪ ਵਿਚ, ਯਿਸੂ ਆਪਣੀ ਮਾਤਾ ਨੂੰ ਖਾਣੇ ਵਿਚ ਲੂਣ ਪਾਉਣ ਅਤੇ ਹਰ ਸ਼ਾਮ ਛੋਟੇ ਛੋਟੇ ਦੀਵੇ ਜਗਾਉਂਦਿਆਂ ਵੇਖਦਾ ਹੋਵੇਗਾ। ਪਰ ਯਿਸੂ ਨੇ ਆਮ ਲੱਗਣ ਵਾਲੇ ਲੂਣ ਅਤੇ ਚਾਨਣ ਦੀ ਵਰਤੋਂ ਮਸੀਹੀ ਲੋਕਾਂ ਨੂੰ ਸਭ ਤੋਂ ਵੱਡੀ ਖੁਸ਼ੀ ਜਾਂ ਆਦਰ ਦੇ ਰੂਪ ਵਿਚ ਅਤੇ ਇਨ੍ਹਾਂ ਵਿਚ ਕੁਝ ਸਭ ਤੋਂ ਵੱਡੀਆਂ ਚੁਣੌਤੀਆਂ ਠਹਿਰਾਉਣ ਲਈ ਕੀਤੀ:

> ਤੁਸੀਂ ਧਰਤੀ ਦੇ ਲੂਣ ਹੋ ਪਰ ਜੇ ਲੂਣ ਬੇਸੁਆਦ ਹੋ ਜਾਵੇ ਤਾਂ ਕਿਸ ਬਿਧ ਸਲੂਣਾ ਕੀਤਾ ਜਾਵੇਗਾ? ਉਹ ਫੇਰ ਕਿਸੇ ਕੰਮ ਦਾ ਨਹੀਂ ਪਰ ਇਹ ਕਿ ਬਾਹਰ ਸੁੱਟਿਆ ਅਤੇ ਮਨੁੱਖਾਂ ਦੇ ਪੈਰਾਂ ਹੇਠ ਮਿੱਧਿਆ ਜਾਵੇ।
>
> ਤੁਸੀਂ ਜਗਤ ਦੇ ਚਾਨਣ ਹੋ। ਜਿਹੜਾ ਨਗਰ ਪਹਾੜ ਉੱਤੇ ਵੱਸਦਾ ਹੈ ਉਹ ਗੁੱਝਾ ਨਹੀਂ ਰਹਿ ਸਕਦਾ। ਅਤੇ ਦੀਵਾ ਬਾਲ ਕੇ ਟੋਪੇ ਦੇ ਹੇਠ ਨਹੀਂ ਸਗੋਂ ਦੀਵਟ ਉੱਤੇ ਰੱਖਦੇ ਹਨ ਤਾਂ ਉਹ ਸੱਭਨਾਂ ਨੂੰ ਜਿਹੜੇ ਘਰ ਵਿਚ ਹਨ ਚਾਨਣ ਦਿੰਦਾ ਹੈ। ਇਸੇ ਤਰ੍ਹਾਂ ਤੁਹਾਡਾ ਚਾਨਣ ਮਨੁੱਖਾਂ ਦੇ ਸਾਹਮਣੇ ਚਮਕੇ ਤਾਂ ਜੋ ਉਹ ਤੁਹਾਡੇ ਸ਼ੁਭ ਕਰਮ ਵੇਖ ਕੇ ਤੁਹਾਡੇ ਪਿਤਾ ਦੀ ਜਿਹੜਾ ਸੁਰਗ ਵਿਚ ਹੈ ਵਡਿਆਈ ਕਰਨ (ਮੱਤੀ 5: 13–16)।

ਪਹਾੜੀ ਉਪਦੇਸ਼ ਵਿਚ ਇਹ ਸ਼ਬਦ ਦੂਜਾ ਮੁੱਖ ਭਾਗ ਹਨ। ਮਸੀਹ ਨੇ ਹੁਣੇ ਹੁਣੇ ਆਪਣੇ ਹੋਣ ਵਾਲੇ ਚੇਲਿਆਂ ਦੇ ਵਿਹਾਰ ਦੀ ਰੂਪ ਰੇਖਾ ਦਿੰਦਿਆਂ, ਮੁਬਾਰਕਬਾਦੀਆਂ ਦਿੱਤੀਆਂ ਸਨ। ਇਸ ਦੇ ਬਾਅਦ ਉਸ ਨੇ ਇਹ ਦੱਸਦੇ ਹੋਏ, ਕਿ ''ਤੁਸੀਂ ਧਰਤੀ ਦੇ ਲੂਣ ਹੋ; ''ਤੁਸੀਂ ਜਗਤ ਦਾ ਚਾਨਣ ਹੋ'' ਉਸ ਵਿਹਾਰ ਦਾ ਪ੍ਰਭਾਵ ਦੱਸਿਆ ਸੀ। ਸ਼ਾਇਦ ਮਸੀਹੀ ਪ੍ਰਭਾਵ ਤੇ ਬਾਈਬਲ ਦੀ ਇਹ ਸਭ ਤੋਂ ਵੱਡੀ ਆਇਤ ਹੈ।

ਕਦੇ ਕਦੇ ਮੈਂ ਇਸ ਪਾਠ ਨੂੰ ''ਆਪਣੇ ਆਪ ਨੂੰ ਸਸਤੇ ਵਿਚ ਨਾ ਵੇਚੋ'' ਸਿਰਲੇਖ ਦਿੰਦਾ ਹਾਂ।[1] ਤੁਹਾਨੂੰ ਲਗ ਸਕਦਾ ਹੈ ਕਿ ਤੁਸੀਂ ਮਹੱਤਵਪੂਰਣ ਹੋ, ਮੈਂ ਇਸ ਬਾਰੇ ਤੁਹਾਨੂੰ ਕੁਝ ਕਹਿਣਾ ਚਾਹਾਂਗਾ; ਲੂਣ ਅਤੇ ਚਾਨਣ ਬਹੁਤ ਮਹੱਤਵਪੂਰਣ ਹਨ। ਬਿਨਾਂ ਲੂਣ ਅਤੇ ਚਾਨਣ ਦੇ ਸੰਸਾਰ ਨਹੀਂ ਚੱਲ ਸਕਦਾ ਹੈ। ਜਿਸਮਾਨੀ ਦੇਹ ਦੇ ਕੰਮ ਕਰਨ ਲਈ ਲੂਣ ਲਾਜ਼ਮੀ ਹੈ,[2] ਅਤੇ ਬਿਨਾਂ ਚਾਨਣ ਦੇ ਜ਼ਿੰਦਗੀ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ। ਜੇ ਸੂਰਜ ਅਚਾਨਕ ਖ਼ਤਮ ਹੋ ਜਾਵੇ; ਤਾਂ ਕੁਝ ਹੀ ਘੰਟਿਆਂ ਵਿਚ

ਸਾਡੀ ਧਰਤੀ ਬਰਫ਼ ਨਾਲ ਢੱਕੀ ਜਾਵੇਗੀ। ਜਦ ਯਿਸੂ ਨੇ ਆਖਿਆ ਕਿ ਮਸੀਹੀ ਦੇ ਰੂਪ ਵਿਚ ਤੁਸੀਂ ਲੂਣ ਅਤੇ ਚਾਨਣ ਹੋ, ਤਾਂ ਉਹ ਕਹਿ ਰਿਹਾ ਸੀ ਕਿ ਤੁਸੀਂ ਬਹੁਤ ਮਹੱਤਵਪੂਰਣ ਹੋ ਅਤੇ ਇਹ ਕਿ ਉਸ ਦੇ ਮਕਸਦਾਂ ਨੂੰ ਤੁਹਾਡੇ ਬਿਨਾਂ ਪੂਰਾ ਨਹੀਂ ਕੀਤਾ ਜਾ ਸਕਦਾ।

ਹਰ ਬੰਦੇ ਦਾ ਆਪਣਾ ਪ੍ਰਭਾਵ ਹੁੰਦਾ ਹੈ, ਤੁਹਾਡਾ ਆਪਣਾ ਪ੍ਰਭਾਵ ਹੈ। ਜਿਵੇਂ ਛੋਟੇ ਤੋਂ ਛੋਟੇ ਵਾਲ ਦਾ ਪਰਛਾਵਾਂ ਹੁੰਦਾ ਹੈ, ਜਿਵੇਂ ਛੋਟੇ ਤੋਂ ਛੋਟਾ ਰੋੜਾ ਪਾਣੀ ਤੇ ਸੁੱਟਣ ਨਾਲ ਲਕੀਰ ਪੈ ਜਾਂਦੀ ਹੈ, ਉਵੇਂ ਹੀ ਤੁਹਾਡਾ ਵੀ ਪ੍ਰਭਾਵ ਹੈ ਅਤੇ ਯਿਸੂ ਚਾਹੁੰਦਾ ਹੈ ਕਿ ਉਸ ਪ੍ਰਭਾਵ ਦੀ ਵਰਤੋਂ ਉਹਦੇ ਲਈ ਕੀਤੀ ਜਾਵੇ।

ਆਓ ਹੁਣ ਇਹ ਵੇਖਣ ਲਈ ਕਿ ਪ੍ਰਭੂ ਲਈ ਤੁਹਾਡਾ ਕੀ ਮਹੱਤਵ ਹੈ, ਬਾਈਬਲ ਦੇ ਆਪਣੇ ਪਾਠ ਵਿਚ ਚੱਲਦੇ ਹਾਂ। ਇਸ ਸਰਮਨ ਵਿਚ, ਅਸੀਂ ਧਰਤੀ ਦਾ ਲੂਣ ਹੋਣ ਤੇ ਚਰਚਾ ਕਰਾਂਗੇ, ਜਦ ਕਿ ਅਗਲੇ ਪਾਠ ਵਿਚ ਅਸੀਂ ਜਗਤ ਦਾ ਚਾਨਣ ਹੋਣ ਦੀ ਗੱਲ ਕਰਾਂਗੇ।[3]

## ਤਾਰੀਫ਼

''ਤੁਸੀਂ ਧਰਤੀ ਦਾ ਲੂਣ ਹੋ,'' ਦੇ ਸਭ ਤੋਂ ਪਹਿਲਾਂ ਤਾਂ ਯਿਸੂ ਦੇ ਸ਼ਬਦ ਤਾਰੀਫ਼ ਸਨ। ਇੱਥੇ ਹੀ ਸਾਨੂੰ ਇਹ ਗੱਲ ਮਿਲਦੀ ਹੈ ਕਿ ''ਉਹ ਧਰਤੀ ਦਾ ਲੂਣ ਹੈ।''[4]

ਯਿਸੂ ਨੇ ਇਹ ਤਾਰੀਫ਼ ਯਹੂਦੀ ਧਰਮਿਕ ਆਗੂਆਂ ਜਾਂ ਰੋਮੀ ਹਾਕਮਾਂ ਜਾਂ ਅਥੇਨੀ ਦਾਰਸ਼ਨਿਕਾਂ ਨੂੰ ਨਹੀਂ ਦਿੱਤੀ, ਬਲਕਿ ਆਪਣੇ ਸੁਣਨ ਵਾਲਿਆਂ ਭਾਵ ਕਿਸਾਨਾਂ, ਮਛੇਰਿਆਂ, ਵਪਾਰੀਆਂ, ਉਨ੍ਹਾਂ ਦੀਆਂ ਪਤਨੀਆਂ ਅਤੇ ਬੱਚਿਆਂ ਨੂੰ ਦਿੱਤੀ। ਉਸ ਨੇ ਉਨ੍ਹਾਂ ਨੂੰ ਤਾਰੀਫ਼ ਦਿੱਤੀ, ਜਿਨ੍ਹਾਂ ਨੂੰ ਦੁਨੀਆਂ ''ਆਮ ਲੋਕ'' ਆਖਦੀ ਹੈ।

''ਤੁਸੀਂ ਧਰਤੀ ਦਾ ਲੂਣ ਹੋ'' ਵਾਕ ਧਰਤੀ ਬਾਰੇ ਤਾਂ ਬਹੁਤ ਕੁਝ ਕਹਿੰਦਾ ਹੈ, ਇਹ ਮਸੀਹ ਦੇ ਚੇਲਿਆਂ ਬਾਰੇ ਵੀ ਕੁਝ ਕਹਿੰਦਾ ਹੈ। ਇਨ੍ਹਾਂ ਸ਼ਬਦਾਂ ਦੇ ਮਹੱਤਵ ਨੂੰ ਸਮਝਣ ਲਈ ਸਾਨੂੰ ਬਾਈਬਲ ਦੇ ਸਮਿਆਂ ਵਿਚ ਲੂਣ ਦੀ ਭੂਮਿਕਾ ਨੂੰ ਸਮਝਣਾ ਪਵੇਗਾ।

### ਲੂਣ ਮੁੱਲਵਾਨ ਹੁੰਦਾ ਸੀ

ਯਿਸੂ ਦੇ ਸਮੇਂ ਵਿਚ ਲੂਣ ਦਾ ਮਹੱਤਵ ਹੁੰਦਾ ਸੀ। ਇਸ ਦੀ ਵਰਤੋਂ ਕਾਰੋਬਾਰੀ ਲੈਣ ਦੇਣ ਜਾਂ ਮਜ਼ਦੂਰੀ ਦੇਣ ਲਈ ਕੀਤੀ ਜਾਂਦੀ ਸੀ। ਇੱਥੋਂ ਹੀ ਇਹ ਗੱਲ ਨਿੱਕਲੀ ਕਿ ''ਉਸ ਨੇ ਲੂਣ ਖਾ ਕੇ ਹਰਾਮ ਨਹੀਂ ਕੀਤਾ।''[5]

ਯਿਸੂ ਨੇ ਆਖਿਆ, ''ਤੁਸੀਂ ਧਰਤੀ ਦਾ ਲੂਣ ਹੋ''– ਅਤੇ ਲੂਣ ਦਾ ਮਹੱਤਵ ਹੁੰਦਾ ਹੈ। ਇਸ ਵਿਚ ਧਰਤੀ ਬਾਰੇ ਕੀ ਆਖਿਆ ਗਿਆ ਹੈ? ਇਸ ਵਿਚ ਆਖਿਆ ਗਿਆ ਹੈ ਕਿ ਇਸ ਧਰਤੀ ਦਾ ਕੋਈ ਅਸਲੀ ਮੁੱਲ ਨਹੀਂ ਅਤੇ ਇਸ ਸੰਸਾਰ ਦਾ ਜੋ ਵੀ ਮਹੱਤਵ ਹੈ, ਉਹ ਮਸੀਹੀ ਲੋਕਾਂ ਦੇ ਹੋਣ ਕਰਕੇ ਹੀ ਹੈ।

ਜੇ ਤੁਸੀਂ ਮਸੀਹੀ ਹੋ, ਤਾਂ ਖ਼ੁਦਾ ਦੀ ਨਜ਼ਰ ਵਿਚ ਤੁਹਾਡਾ ਮਹੱਤਵ ਹੈ। ਆਪਣੇ ਆਪ ਨੂੰ ਸਸਤੇ ਵਿਚ ਨਾ ਵੇਚੋ।

### ਲੂਣ ਦਾ ਸੁਆਦ ਹੁੰਦਾ ਹੈ

ਅੱਜ ਵਾਂਗ, ਉਸ ਜ਼ਮਾਨੇ ਵਿਚ ਵੀ ਲੂਣ ਦੀ ਵਰਤੋਂ ਖਾਣੇ ਨੂੰ ਸੁਆਦਲਾ ਕਰਨ ਲਈ ਕੀਤੀ ਜਾਂਦੀ ਸੀ। ਅੱਯੂਬ ਨੇ ਪੁੱਛਿਆ ਸੀ ਕਿ ''ਜੋ ਫਿੱਕਾ ਹੈ ਉਹ ਕੀ ਬਿਨਾਂ ਲੂਣ ਖਾਧਾ ਜਾਂਦਾ ਹੈ? ਜਾਂ ਆਂਡੇ ਦੀ ਸਫ਼ੇਦੀ ਵਿਚ ਵੀ ਕੁਝ ਸੁਆਦ ਹੁੰਦਾ ਹੈ?'' (ਅੱਯੂਬ 6:6)। ਫਿਰ ਇਸ ਪੁਰਖੇ ਨੇ ਅਲੂਣੇ ਭੋਜਨ ਨੂੰ ''ਨਿਕੰਮਾ'' (ਆਇਤ 7) ਆਖਿਆ।[6]

ਲੂਣ ਦੇ ਮਹੱਤਵ ਨੂੰ ਵਿਖਾਉਣ ਲਈ ਹੇਠਾਂ ਦਿੱਤੀ ਕਹਾਣੀ ਇਕ ਉਦਾਹਰਣ ਹੈ:

> ਇਕ ਰਾਜੇ ਨੇ ਆਪਣੀਆਂ ਤਿੰਨ ਬੇਟੀਆਂ ਤੋਂ ਪੁੱਛਿਆ ਕਿ ਉਹ ਉਸ ਨੂੰ ਕਿੰਨਾ ਪਿਆਰ ਕਰਦੀਆਂ ਹਨ। ਉਨ੍ਹਾਂ ਵਿੱਚੋਂ ਦੋ ਨੇ ਜਵਾਬ ਦਿੱਤਾ ਕਿ ਉਸ ਨੂੰ ਦੁਨੀਆਂ ਭਰ ਦੇ ਸੋਨੇ ਅਤੇ ਚਾਂਦੀ ਨਾਲੋਂ ਵੱਧ ਕੇ ਪਿਆਰ ਕਰਦੀਆਂ ਹਨ, ਜਦ ਕਿ ਸਭ ਤੋਂ ਛੋਟੀ ਬੇਟੀ ਨੇ ਆਖਿਆ ਕਿ ਉਹ ਉਸ ਨੂੰ ਲੂਣ ਨਾਲੋਂ ਵੀ ਵੱਧ ਚਾਹੁੰਦੀ ਹੈ। ਰਾਜਾ ਆਪਣੇ ਆਪ ਨੂੰ ਲੂਣ ਨਾਲ ਮਿਲਾਉਣ ਦੇ ਉਸ ਦੇ ਜਵਾਬ ਤੋਂ ਖੁਸ਼ ਨਾ ਹੋਇਆ। ਪਰ ਰਸੋਈਏ ਨੇ ਉਸ ਦੀ ਟਿੱਪਣੀ ਸੁਣ ਕੇ ਅਗਲੀ ਸਵੇਰ ਨਾਸ਼ਤੇ ਵਿਚ ਕਿਸੇ ਚੀਜ਼ ਵਿਚ ਲੂਣ ਨਾ ਪਾਇਆ। ਜਿਸ ਕਰਕੇ ਖਾਣਾ ਐਨਾ ਬੇਸੁਆਦਾ ਬਣਿਆ ਕਿ ਰਾਜੇ ਨੂੰ ਪਸੰਦ ਨਹੀਂ ਆਇਆ। ਤਦ ਉਸ ਨੂੰ ਆਪਣੀ ਬੇਟੀ ਦੀ ਗੱਲ ਦਾ ਮਤਲਬ ਸਮਝ ਆਇਆ। ਉਹ ਉਸ ਨੂੰ ਐਨਾ ਪਿਆਰ ਕਰਦੀ ਸੀ ਕਿ ਉਸ ਨੂੰ ਉਸਦੇ ਬਗ਼ੈਰ ਕੁਝ ਵੀ ਚੰਗਾ ਨਹੀਂ ਲਗਦਾ ਸੀ।[7]

''ਲੂਣ ਰਹਿਤ'' ਖਾਣਾ ਖਾ ਕੇ ਜੀਣ ਵਾਲੇ ਲੋਕ ਕੋਸ਼ਿਸ਼ ਕਰਦੇ ਰਹਿੰਦੇ ਹਨ ਕਿ ਕਿਸੇ ਤਰੀਕੇ ਬਿਨਾਂ ਲੂਣ ਪਾਏ ਖਾਣੇ ਦਾ ਸੁਆਦ ਵਧਾ ਸਕਣ। ਇਸ ਨਾਲ ਲੂਣ ਦੇ ਕਈ ਬਦਲ ਮਦਦਗਾਰ ਹੁੰਦੇ ਹਨ, ਪਰ ''ਚੁਟਕੀ ਕੁ ਲੂਣ'' ਜਿੰਨੀ ਅਸਰਦਾਰ ਹੋਰ ਕੋਈ ਚੀਜ਼ ਨਹੀਂ ਹੋ ਸਕਦੀ ਹੈ।

''ਤੁਸੀਂ ਧਰਤੀ ਦਾ ਲੂਣ ਹੋ'' ਅਤੇ ਲੂਣ ਸੁਆਦ ਨੂੰ ਵਧਾਉਂਦਾ ਹੈ। ਇਸ ਵਿਚ ਧਰਤੀ ਬਾਰੇ ਕੀ ਸੰਦੇਸ਼ ਹੈ? ਇਸ ਵਿਚ ਸੰਦੇਸ਼ ਹੈ ਕਿ ਧਰਤੀ ਬੇਸੁਆਦੀ ਹੈ ਅਤੇ ਅਖ਼ੀਰ ਵਿਚ ਇਸ ਦੁਨੀਆਂ ਦੀ ਹਰ ਚੀਜ਼ ਬੇਸੁਆਦੀ ਹੋ ਜਾਵੇਗੀ।[8] ਮਸੀਹੀ ਦੇ ਰੂਪ ਵਿਚ ਇਹ ਤੁਹਾਡੇ ਬਾਰੇ ਕੀ ਕਹਿੰਦੀ ਹੈ? ਇਹ ਕਹਿੰਦੀ ਹੈ ਕਿ ਤੁਸੀਂ ਉਹੀ ਹੋ ਜੋ ਜ਼ਿੰਦਗੀ ਨੂੰ ਸੁਆਦਲਾ ਬਣਾਉਂਦਾ ਹੈ। ਆਪਣੇ ਆਪ ਨੂੰ ਸਸਤੇ ਵਿਚ ਨਾ ਵੇਚੋ।

**ਲੂਣ ਕਈ ਕੰਮ ਆਉਂਦਾ ਸੀ**

ਲੂਣ ਦੇ ਮਹੱਤਵ ਬਾਰੇ ਬੜਾ ਕੁਝ ਆਖਿਆ ਜਾ ਸਕਦਾ ਹੈ। ਉਦਾਹਰਣ ਵੱਜੋਂ, ਲੂਣ ਪਿਆਸ ਵਧਾਉਂਦਾ ਹੈ। ਤੁਸੀਂ ਸੁਣਿਆ ਹੋਵੇਗਾ ''ਘੋੜੇ ਨੂੰ ਪਾਣੀ ਤਕ ਲਿਜਾਇਆ ਜਾ ਸਕਦਾ ਹੈ, ਪਰ ਉਸ ਨੂੰ ਢਾ ਕੇ ਪਾਣੀ ਨਹੀਂ ਪਿਆਇਆ ਜਾ ਸਕਦਾ।''[9] ਇਸ ਗੱਲ ਵਿਚ ਇਕ ਹੋਰ ਚੀਜ਼ ਜੋੜੀ ਜਾਣੀ ਚਾਹੀਦੀ ਹੈ ਕਿ ''... ਪਰ ਉਸ ਨੂੰ ਲੂਣ ਨਹੀਂ ਖੁਆਇਆ ਜਾ ਸਕਦਾ।'' ਜਦੋਂ ਮੈਂ ਲੜਕਾ ਸਾਂ ਤਾਂ ਪਸ਼ੂ ਮੇਲਿਆਂ ਵਿਚ ਜਾਨਵਰਾਂ ਨੂੰ ਵਿਖਾਉਣ ਵੇਲੇ ਮੈਂ ਇਵੇਂ ਹੀ ਕਰਦਾ ਸਾਂ। ਜੇ ਪ੍ਰਦਰਸ਼ਨ ਲਈ ਮੇਰਾ ਕੋਈ ਜਾਨਵਰ ਮਰੀਅਲ ਜਿਹਾ ਲਗਦਾ, ਤਾਂ ਮੈਂ ਉਸ ਦੇ ਚਾਰੇ ਵਿਚ ਥੋੜ੍ਹਾ ਜਿਹਾ ਲੂਣ ਮਿਲਾ ਦਿੰਦਾ। ਇਸ ਨਾਲ ਉਹ ਵੱਧ ਪਾਣੀ ਪੀ ਕੇ ਮੋਟਾ ਲਗਦਾ ਸੀ। ਇਹ ਗੱਲ ਸਾਡੇ ਤੇ ਵੀ ਲਾਗੂ ਹੋ ਸਕਦੀ ਹੈ: ਮਸੀਹੀ ਲੋਕਾਂ ਦੇ ਰੂਪ ਵਿਚ, ਅਸੀਂ ਆਪਣੀ ਜ਼ਿੰਦਗੀ ਦੇ ਜਲ ਲਈ ਆਪਣੀ ਪਿਆਸ ਵਧਾ ਸਕਦੇ ਹਾਂ (ਯੂਹੰਨਾ 4: 10–15)।

ਇਸ ਦੇ ਇਲਾਵਾ, ਯਿਸੂ ਦੇ ਸਮੇਂ ਵਿਚ ਲੂਣ ਦੀ ਵਰਤੋਂ ਕਦੇ ਕਦੇ ਨਿਸ਼ਾਨ ਦੇ ਰੂਪ ਵਿਚ ਵੀ ਕੀਤੀ ਜਾ ਸਕਦੀ ਸੀ। ਫਿਰ ਇਸ ਨੂੰ ਯਹੂਦੀ ਕੁਰਬਾਨੀਆਂ ਵਿਚ ਵੀ ਮਿਲਾਇਆ ਜਾਂਦਾ ਸੀ (ਲੇਵੀਆਂ ਦੀ ਪੋਥੀ 2: 13)। ਇਨ੍ਹਾਂ ਸਭ ਗੱਲਾਂ ਤੋਂ ਇਹੀ ਪਤਾ ਲਗਦਾ ਹੈ ਕਿ ਮਸੀਹੀ ਲੋਕਾਂ ਦੀ ਕਿੰਨੀ ਅਹਿਮੀਅਤ ਹੈ।

**ਲੂਣ ਦੀ ਵਰਤੋਂ ਚੀਜ਼ਾਂ ਨੂੰ ਸੰਭਾਲ ਕੇ ਰੱਖਣ ਲਈ ਵੀ ਕੀਤੀ ਜਾਂਦੀ ਸੀ**

ਬਾਈਬਲ ਦੇ ਸਮਿਆਂ ਵਿਚ ਲੂਣ ਦੀ ਵਰਤੋਂ ਸੰਭਵ ਹੈ ਸਭ ਤੋਂ ਵੱਧ ਜ਼ਰੂਰੀ ਸੀ ਅਤੇ ਇਸ ਨਾਲ ਇਸ ਦੀ ਅਹਿਮੀਅਤ ਹੋਰ ਵੀ ਵਧ ਗਈ ਸੀ, ਕਿਉਂਕਿ ਇਸ ਦੀ ਵਰਤੋਂ ਚੀਜ਼ਾਂ ਨੂੰ ਸੰਭਾਲੀ

ਰੱਖਣ ਲਈ ਕੀਤੀ ਜਾਂਦੀ ਸੀ। ਉਸ ਜ਼ਮਾਨੇ ਵਿਚ ਮੀਟ ਨੂੰ ਠੰਡਾ ਅਤੇ ਤਾਜ਼ਾ ਰੱਖਣ ਲਈ ਬਜ਼ਾਰ ਵਿਚ ਫ਼ਰਿੱਜਾਂ ਜਾਂ ਫ਼ਰੀਜ਼ਰ ਨਹੀਂ ਮਿਲਦੇ ਸਨ। ਤਾਜ਼ਾ ਮੀਟ ਛੇਤੀ ਖਰਾਬ ਹੋ ਜਾਂਦਾ ਸੀ, ਕਿਉਂਕਿ ਮੀਟ ਦਾ ਇਹੀ ਸੁਭਾਅ ਹੈ।[10]

ਮੇਰੀ ਜਵਾਨੀ ਵੇਲੇ ਮੇਰੇ ਪਰਿਵਾਰ ਦੇ ਲੋਕ ਇਕ ਵਾਰ ਸਚਮੁਚ ਛੁੱਟੀਆਂ ਵਿਚ ਕਿਤੇ ਘੁਮਾਉਣ ਲੈ ਗਏ, ਜੋ ਮੈਨੂੰ ਯਾਦ ਹੈ। (ਕਦੇ ਕਦੇ ਅਸੀਂ ਰਿਸ਼ਤੇਦਾਰਾਂ ਕੋਲ ਚਲੇ ਜਾਂਦੇ ਸਾਂ ਤਾਂ ਮੈਂ ਉਨ੍ਹਾਂ ਨੂੰ ਛੁੱਟੀਆਂ ਨਹੀਂ ਮੰਨਦਾ ਸਾਂ।) ਇਸ ਵਾਰ, ਅਸੀਂ ਕਾਰ ਵਿਚ ਬੈਠ ਕੇ ਪੂਰਵੀ ਓਕਲਾਹੋਮਾ ਅਤੇ ਅਰਕੈਂਸਾ ਤੋਂ ਹੁੰਦੇ ਹੋਏ ਪੂਰਵ ਵੱਲ ਗਏ। ਜਦੋਂ ਅਸੀਂ ਬਾਹਰ ਗਏ ਹੋਏ ਸਾਂ ਤਾਂ ਗੈਸ ਕੰਪਨੀ ਦੀਆਂ ਪਾਈਪਾਂ ਦੀ ਮੁਰੰਮਤ ਲਈ ਗੈਸ ਦੀ ਸਪਲਾਈ ਬੰਦ ਕਰ ਦਿੱਤੀ ਗਈ ਅਤੇ ਸਾਡੇ ਘਰ ਆਉਣ ਤੇ ਫ਼ਰਿੱਜ ਵਿੱਚੋਂ ਮੀਟ ਦੀ ਸੜ੍ਹਾਂਦ ਆ ਰਹੀ ਸੀ। ਸਾਡਾ ਫ਼ਰਿੱਜ ਗੈਸ ਵਾਲਾ ਸੀ। ਮੇਰੀ ਮਾਂ ਨੇ ਫ਼ਰਿੱਜ ਵਿੱਚੋਂ ਕੱਢਣ ਲਈ ਜੋ ਵੀ ਉਹ ਕਰ ਸਕਦੀ ਸੀ ਕੀਤਾ। ਉਸ ਸੜ੍ਹਾਂਦ ਤੋਂ ਖਹਿੜਾ ਛੁਡਾਉਣ ਲਈ ਕਈ ਹਫ਼ਤਿਆਂ ਤਕ ਸਾਡਾ ਫ਼ਰਿੱਜ ਪਿੱਛੇ ਵਿਹੜੇ ਵਿਚ ਪਿਆ ਰਿਹਾ। ਜਦ ਤਕ ਸਾਡੇ ਕੋਲ ਫ਼ਰਿੱਜ ਰਿਹਾ ਉਸ ਵਿੱਚੋਂ ਸੜ੍ਹਾਂਦ ਆਉਂਦੀ ਰਹੀ।

ਮੇਰੇ ਇਕ ਦੋਸਤ ਦਾ ਛੋਟਾ ਮੁੰਡਾ ਸੀ, ਜਿਸ ਦਾ ਨਾਂਅ ਗੈਰੀ ਸੀ। ਜਦ ਉਹ ਘਰ ਵਿਚ ਇਕੱਲਾ ਸੀ, ਤਾਂ ਉਸ ਨੇ ਟਿਊਨਾ (ਸਮੁੰਦਰੀ ਮੱਛੀ) ਦਾ ਸੈਂਡਵਿਚ ਬਣਾਉਣ ਦਾ ਵਿਚਾਰ ਕੀਤਾ। ਮੱਛੀ ਦਾ ਰੈਪ ਖੋਲ੍ਹਣ ਵੇਲੇ ਉਸਦੇ ਹੱਥੋਂ ਡਿੱਗ ਪਿਆ, ਜਿਸ ਨਾਲ ਡਿੱਗਦੇ ਸਾਰ ਮੱਛੀ ਦਾ ਤੇਲ ਪੂਰੇ ਗਲੀਚੇ ਤੇ ਫੈਲ ਗਿਆ। ਗੈਰੀ ਨਹੀਂ ਚਾਹੁੰਦਾ ਸੀ ਕਿ ਉਸ ਦੇ ਮਾਤਾ ਪਿਤਾ ਨੂੰ ਇਹ ਪਤਾ ਲੱਗੇ ਕਿ ਕੀ ਹੋਇਆ ਹੈ, ਸੋ ਉਸ ਨੇ ਸਟੋਰ ਵਿੱਚੋਂ ਵੈਕਯੂਮ ਕਲੀਨਰ ਕੱਢਿਆ ਅਤੇ ਮੱਛੀ ਦੇ ਤੇਲ ਨੂੰ ਸਾਫ਼ ਕਰ ਦਿੱਤਾ। ਫਿਰ ਉਸ ਨੇ ਉਸ ਕਲੀਨਰ ਨੂੰ ਸਟੋਰ ਵਿਚ ਵਾਪਸ ਰੱਖ ਦਿੱਤਾ। ਕਈ ਦਿਨਾਂ ਬਾਅਦ ਇਕ ਭੇਦਭਰੀ, ਗੰਦੀ ਜਿਹੀ ਬਦਬੂ ਘਰ ਵਿਚ ਫੈਲ ਗਈ, ਜਦ ਤਕ ਪਤਾ ਨਾ ਲੱਗਾ ਕਿ ਉਹ ਕਿੱਥੋਂ ਆ ਰਹੀ ਸੀ।

ਤੁਸੀਂ ਜਾਣਦੇ ਹੋ ਕਿ ਮੈਂ ਕੀ ਕਹਿਣਾ ਚਾਹੁੰਦਾ ਹਾਂ ਕਿ ਮੀਟ ਐਨੀ ਛੇਤੀ ਖਰਾਬ ਹੋ ਜਾਂਦਾ ਹੈ ਬਿਨਾਂ ਖਾਸ ਤਿਆਰੀ ਦੇ ਮੀਟ ਐਵੇਂ ਹੀ ਤਾਜ਼ਾ ਨਹੀਂ ਰਹਿੰਦਾ ਹੈ।

ਬਾਈਬਲ ਦੇ ਵਕਤ ਵਿਚ ਮੀਟ ਨੂੰ ਖ਼ਰਾਬ ਹੋਣੋ ਬਚਾਉਣ ਲਈ ਲੋਕ ਕੀ ਕਰਦੇ ਸਨ? ਉਹ ਇਸ ਨੂੰ ਲੂਣ ਲਾ ਦਿੰਦੇ ਸਨ। ਮਛੇਰੇ ਮੱਛੀਆਂ ਨੂੰ ਲੂਣ ਲਾ ਦਿੰਦੇ ਸਨ। ਅਜਿਹਾ ਨਹੀਂ ਹੈ ਕਿ ਲੋਕਾਂ ਨੂੰ ਐਨਾ ਲੂਣ ਸੁਆਦੀ ਲਗਦਾ ਸੀ ਬਲਕਿ ਉਹ ਇਸ ਲਈ ਪਾਉਂਦੇ ਸਨ ਕਿ ਮੀਟ ਨੂੰ ਖ਼ਰਾਬ ਹੋਣੋਂ ਬਚਾਇਆ ਜਾ ਸਕੇ।[11] ਤੁਹਾਡੇ ਵਿੱਚੋਂ ਵੀ ਕਈਆਂ ਨੇ ਕਦੇ ਮੀਟ ਕੱਟ ਕੇ ਖਰਾਬ ਹੋਣੋਂ ਬਚਾਉਣ ਲਈ ਉਸ ਤੇ ਲੂਣ ਲਾਇਆ ਹੋਵੇਗਾ।[12]

''ਤੁਸੀਂ ਧਰਤੀ ਦਾ ਲੂਣ ਹੋ''– ਅਤੇ ਲੂਣ ਚੀਜ਼ਾਂ ਨੂੰ ਖਰਾਬ ਹੋਣੋਂ ਬਚਾਉਣ ਦੇ ਕੰਮ ਆਉਂਦਾ ਹੈ। ਧਰਤੀ ਬਾਰੇ ਇਹ ਆਇਤ ਕੀ ਆਖਦੀ ਹੈ? ਇਹ ਕਹਿੰਦੀ ਹੈ ਕਿ ਇਹ ਧਰਤੀ ਖਰਾਬ ਹੋ ਰਹੀ ਹੈ ਭਾਵ ਸੜ ਰਹੀ ਹੈ, ਗਲ ਰਹੀ ਹੈ। ਸੰਸਾਰ ਬਾਰੇ ਸਾਡੀ ਇਹੀ ਸਮਝ ਹੈ। ਵੇਖਣ ਵਿਚ ਭਾਵੇਂ ਇਹ ਕਿੰਨਾ ਵੀ ਚਮਕਦਾਰ ਹੋਵੇ, ਪਰ ਅਸਲ ਵਿਚ ਇਹ ਸਾਡੀਆਂ ਅੱਖਾਂ ਸਾਹਮਣੇ ਸੜ ਰਿਹਾ ਹੈ ਅਤੇ ਖਰਾਬੀ ਵੱਲ ਵਧ ਰਹੀ ਹੈ। ਇਸ ਦੁਨੀਆਂ ਦੀ ਸ਼ਕਲ ਬੜੀ ਸੋਹਣੀ ਨਜ਼ਰ ਆਉਂਦੀ ਹੈ; ਪਰ ਗੌਰ ਨਾਲ ਵੇਖੋ ਤਾਂ ਇਹ ਸਾਰਾ ਮੇਕਅਪ ਦਾ ਕਮਾਲ ਹੈ। ਤਿੱਖੇ ਰੰਗਾਂ ਦੇ ਪਿੱਛੇ ਪਈਆਂ ਝੁਰੜੀਆਂ ਦੀ ਹਕੀਕਤ ਲੁਕੀ ਹੋਈ ਹੈ।

ਇਹ ਹਕੀਕਤ ਕੋਈ ਵੀ ਵੇਖ ਸਕਦਾ ਹੈ, ਭਾਵੇਂ ਉਸ ਨੂੰ ਬਾਈਬਲ ਦਾ ਕਿੰਨਾ ਵੀ ਘੱਟ ਗਿਆਨ ਹੋਵੇ। ਆਂਕੜਿਆਂ ਦੀ ਲੋੜ ਨਹੀਂ ਹੈ।[13] ਤੁਸੀਂ ਦੁਨੀਆਂ ਦੀਆਂ ਡਿੱਗ ਰਹੀਆਂ ਨੈਤਿਕ ਕਦਰਾਂ ਨੂੰ ਵੇਖ ਲਓ; ਈਮਾਨਦਾਰੀ ਅਤੇ ਭਰੋਸੇ ਦੀ ਕਮੀ ਅਤੇ ਰੂਹਾਨੀ ਗੱਲਾਂ ਵਿਚ ਦਿਲਚਸਪੀ ਦੀ ਭਾਰੀ ਕਮੀ

ਹੈ। ਇਸ ਦੁਨੀਆਂ ਦੀ ਕੋਈ ਵੀ ਗੱਲ ਉਸ ਆਦਮੀ ਨੂੰ ਜੋ ਉਸ ਮੇਕਅੱਪ ਦੇ ਪਿੱਛੇ ਵੇਖਦਾ ਹੈ, ਖਿੱਚ ਨਹੀਂ ਸਕਦੀ।

ਇਸ ਦੇ ਉਲਟ, ਇਹ ਮਸੀਹੀ ਲੋਕਾਂ ਬਾਰੇ ਕੀ ਆਖਦੀ ਹੈ? ਇਹ ਆਖਦੀ ਹੈ ਕਿ ਮਸੀਹੀ ਲੋਕ ਇਸ ਧਰਤੀ ਨੂੰ ਸੰਭਾਲ ਕੇ ਰੱਖਣ ਵਾਲੀ ਸ਼ਕਤੀ ਹਨ।

ਆਪਣੀ ਜ਼ਿੰਦਗੀ ਦੌਰਾਨ ਮੈਂ ਇਸ ਧਰਤੀ ਦੀ ਆਸ ਅਤੇ ਮੁਕਤੀ ਦੇ ਤੌਰ ਤੇ ਵਿਗਿਆਨ, ਸਿੱਖਿਆ, ਮਨੋਵਿਗਿਆਨ ਅਤੇ ਮਨੋਰੋਗ ਵਿਗਿਆਨ, ਤਕਨੀਕ, ਬੇਹਤਰ ਸਹੂਲਤਾਂ, ਕਾਨੂੰਨ ਬਣਾਉਣ, ਸਮਾਜਿਕ ਸੁਧਾਰ ਅਤੇ ਫੌਜੀ ਤਾਕਤ ਵਰਗੇ ਕਈ ਕਾਰਕਾਂ ਦੀ ਅਹਿਮੀਅਤ ਨੂੰ ਵੇਖਿਆ ਹੈ। ਮਨੁੱਖ ਨੇ ਇਨ੍ਹਾਂ ਸਭ ਖੇਤਰਾਂ ਵਿਚ ਬੇਹੱਦ ਤਰੱਕੀ ਕਰ ਲਈ ਹੈ, ਪਰ ਕੁਝ ਚੀਜ਼ਾਂ ਵਿਚ ਤਾਂ ਖ਼ਾਸ ਕਰ ਬਹੁਤੀਆਂ ਚੀਜ਼ਾਂ ਵਿਚ ਦੁਨੀਆਂ ਬਦ ਤੋਂ ਬਦਤਰ ਹੋ ਗਈ ਹੈ। ਯਿਸੂ ਨੇ ਆਖਿਆ ਕਿ ਦੁਨੀਆਂ ਦੀ ਇੱਕੋ ਇਕ ਅਸਲ ਉਮੀਦ ਵਫ਼ਾਦਾਰ ਮਸੀਹੀ ਹਨ।

ਜਿਵੇਂ ਥੋੜ੍ਹਾ ਜਿਹਾ ਲੂਣ ਮੀਟ ਦੇ ਕਾਫ਼ੀ ਵੱਡੇ ਟੁਕੜੇ ਨੂੰ ਖਰਾਬ ਹੋਣ ਤੋਂ ਬਚਾਅ ਸਕਦਾ ਹੈ, ਉਵੇਂ ਹੀ ਕੁਝ ਸਮਰਪਿਤ ਮਸੀਹੀ ਸਮਾਜ ਨੂੰ ਬਚਾ ਸਕਦੇ ਹਨ। ਤੁਹਾਨੂੰ ਅਬਰਾਹਾਮ ਦੇ ਸਮੇਂ ਸਦੂਮ ਅਤੇ ਅਮੂਰਾਹ ਦੀ ਬਰਬਾਦੀ ਦੀ ਕਹਾਣੀ ਯਾਦ ਹੈ (ਉਤਪਤ 18)? ਦਸ, ਸਿਰਫ਼ ਦਸ ਧਰਮੀ ਲੋਕਾਂ ਨਾਲ ਸਦੂਮ ਅਤੇ ਅਮੂਰਾਹ ਸ਼ਹਿਰ ਬਚ ਸਕਦੇ ਸਨ (ਆਇਤ 32)। ਕਿਸੇ ਦੇ ਚੈਂਬਰ ਆਫ਼ ਕਾਮਰਸ[14] ਵਿਚ ਜਾਣ ਅਤੇ ਇਹ ਕਹਿਣ ਦੀ ਕਲਪਨਾ ਕਰੋ, ''ਤੁਹਾਡੀ ਜੋ ਹੁਣ ਤਕ ਦੀ ਪ੍ਰਾਪਤੀ ਹੈ, ਉਹ ਜ਼ਬਰਦਸਤ ਹੈ; ਪਰ ਜੇਕਰ ਤੁਸੀਂ ਇਨ੍ਹਾਂ ਨਗਰਾਂ ਨੂੰ ਇਕ ਦਿਨ ਹੋਰ ਵੇਖਣਾ ਚਾਹੁੰਦੇ ਹੋ ਤਾਂ ਚੰਗਾ ਹੋਵੇਗਾ ਕਿ ਪੁਰਾਣੇ ਨੇਮ ਵਿਚ ਅਬਰਾਹਾਮ ਵਾਲੀ ਕਹਾਣੀ ਵਾਂਗ ਪਹਾੜ ਤੇ ਦਸ ਭਲੇ ਲੋਕ ਹੋਣ।'' ਉਨ੍ਹਾਂ ਕੀ ਜਵਾਬ ਦਿੱਤਾ ਹੋਵੇਗਾ? ਉਨ੍ਹਾਂ ਦੇ ਵਿਹਾਰ ਦੇ ਬਾਵਜੂਦ, ਅਬਰਾਹਾਮ ਵਰਗੇ ਦਸ ਲੋਕ ਉਨ੍ਹਾਂ ਨਗਰਾਂ ਨੂੰ ਬਚਾ ਲੈਂਦੇ।

ਆਓ ਇਕ ਫ਼ਰਕ ਦਾ ਅੰਦਾਜ਼ਾ ਲਾਉਣ ਲਈ ਰੁਕਦੇ ਹਾਂ। ਚਾਨਣ (ਜਿਸ ਦੀ ਅਸੀਂ ਅਗਲੇ ਸਰਮਨ ਵਿਚ ਗੱਲ ਕਰਾਂਗੇ) ਉਸ ਨੂੰ ਪ੍ਰਭਾਵਿਤ *ਕਰਦੀ ਹੈ* ਜੋ ਇਹ ਹੈ। ਆਪਣੇ ਸੁਰੱਖਿਅਤ ਰੱਖਣ ਦੇ ਇਸ ਦੇ ਗੁਣ ਨੂੰ ਘਰਾਂ ਵਿਚ ਵੀ ਵੇਖਿਆ ਹੋਵੇਗਾ। ਆਓ ਇਹ ਆਖਦੇ ਹਾਂ ਕਿ ਤੁਸੀਂ ਖ਼ੁਦਾ ਦੀ ਵਿਸ਼ਵਾਸੀ ਸੰਤਾਨ ਹੋ (ਅਤੇ ਮੈਨੂੰ ਆਸ ਹੈ ਕਿ ਤੁਸੀਂ ਹੋ)। ਤੁਸੀਂ ਆਪਣੇ ਮਸੀਹੀ ਹੋਣ ਤੇ ਇਤਰਾਉਂਦੇ ਨਹੀਂ ਹੋ, ਪਰ ਲੋਕ ਜਾਣਦੇ ਹਨ ਕਿ ਤੁਸੀਂ ਕੌਣ ਹੋ ਅਤੇ ਤੁਹਾਡਾ ਮਕਸਦ ਕੀ ਹੈ। ਕਮਰੇ ਵਿਚ ਤੁਹਾਡੇ ਆਉਣ ਤੇ ਭਸ਼ ਅਤੇ ਚੁਟਕਲਿਆਂ ਦਾ ਵਕਤ ਹੋਣਾ ਨਵੀਂ ਗੱਲ ਨਹੀਂ ਹੈ। ਲੋਕ ਤੁਹਾਨੂੰ ਪਰੇਸ਼ਾਨ ਕਰਨ ਦੀ ਕੋਸ਼ਿਸ਼ ਕਰ ਸਕਦੇ ਹਨਃ ''ਅਸੀਂ ਉਹ ਕਹਾਣੀ ਨਹੀਂ ਦੱਸ ਸਕਦੇ। ਕੀ ਨਾਂਅ ਹੈ ਉਹ ਦਾ, ਉਹ ਕਿੱਥੇ ਹੈ।'' ਤੁਹਾਡੀ ਮੌਜੂਦਗੀ ਹਾਂ ਤੁਹਾਡੀ ਮੌਜੂਦਗੀ ਦੀ ਗੱਲ ਤੋਂ ਹੀ ਫ਼ਰਕ ਪੈ ਜਾਂਦਾ ਹੈ। ਲੂਣ ਆਪਣੇ ਪ੍ਰਭਾਵ ਨਾਲ ਹੀ ਪ੍ਰਭਾਵਿਤ ਕਰਦਾ ਹੈ।

ਫਿਰ ਮੈਂ ਇਸ ਗਲ ਤੇ ਜ਼ੋਰ ਦਿੰਦਾ ਹਾਂ ਕਿ ਯਿਸੂ ਨੇ ਇਹ ਗੱਲ ਉਨ੍ਹਾਂ ਲਈ ਕਹੀ ਸੀ ਜਿਨ੍ਹਾਂ ਨੂੰ ਸੰਸਾਰ ''ਆਮ'' ਲੋਕ ਮੰਨਦਾ ਹੈ। ਮੂਲ ਭਾਸ਼ਾ ਵਿਚ ''ਤੁਸੀਂ'' ਸ਼ਬਦ ਤੇ ਜ਼ੋਰ ਦਿੱਤਾ ਗਿਆ ਹੈਃ[15] ਯਿਸੂ ਨੇ ਆਖਿਆ, ''*ਤੁਸੀਂ* ਧਰਤੀ ਦਾ ਲੂਣ ਹੋ।'' ਉਸ ਦੀ ਗੱਲ ਅਨੋਖੀ ਵੀ ਹੈ ਅਤੇ ਨਿਰਾਲੀ ਵੀਃ ਇਸ ਵਿਚ ਉਸ ਦੇ ਸਾਰੇ ਪੈਰੋਕਾਰ ਸ਼ਾਮਿਲ ਹਨ ਅਤੇ ਇਹ ਉਸ ਦੇ ਪੈਰੋਕਾਰਾਂ ਤੋਂ ਇਲਾਵਾ ਦੂਜੇ ਹਰ ਵਿਅਕਤੀ ਨੂੰ ਕੱਢ ਦਿੰਦੀ ਹੈ। ਯਾਦ ਰੱਖੋ ਬਲਕਿ ਯਿਸੂ ਨੇ ਇਹ ਆਪਣੇ ਸਮੇਂ ਦੇ ਧਾਰਮਿਕ, ਆਰਥਿਕ, ਸਮਾਜਿਕ ਜਾਂ ਸਿਆਸੀ ਆਗੂਆਂ ਨਾਲ ਨਹੀਂ ਬਲਕਿ ''ਆਮ ਲੋਕਾਂ'' ਭਾਵ ਆਪਣੇ ਮਗਰ ਚੱਲਣ ਨੂੰ ਤਿਆਰ ਧਰਤੀ ਦੇ ਲੂਣ ਬਣਨ ਵਾਲਿਆਂ ਨੂੰ ਕਹੀ।

ਆਪਣੇ ਆਪ ਨੂੰ ਘੱਟ ਨਾ ਸਮਝੋ। ਜੇ ਤੁਸੀਂ ਮਸੀਹੀ ਹੋ ਤਾਂ ਤੁਸੀਂ ਖਾਸ ਹੋ, ਬਹੁਤ ਹੀ ਖਾਸ।

## ਇਕ ਚੁਣੌਤੀ

ਯਿਸੂ ਦਾ ਇਹ ਕਹਿਣਾ ਕਿ ''ਤੁਸੀਂ ਧਰਤ ਦੇ ਲੂਣ ਹੋ,'' ਸਿਰਫ਼ ਇਕ ਆਦਰ ਹੀ ਨਹੀਂ ਸਗੋਂ ਚੁਣੌਤੀ ਵੀ ਸੀ। ਲੂਣ ਦਾ ਮਹੱਤਵ ਹੈ ਅਤੇ ਇਸ ਵਿਚ ਚੀਜ਼ਾਂ ਨੂੰ ਸੰਭਾਲ ਕੇ ਰੱਖਣ ਦੀ ਸਮਰਥਾ ਹੈ, ਕਿਉਂਕਿ ਇਸ ਵਿਚ ਵਿਲੱਖਣ ਗੁਣ ਹੈ। ਮਸੀਹੀ ਲੋਕਾਂ ਦੇ ਰੂਪ ਵਿਚ ਸਾਡੇ ਵਿਚ ਵੀ ਵਿਲੱਖਣ ਗੁਣ ਹੋਣਾ ਜ਼ਰੂਰੀ ਹੈ। ਇਸ ਗੁਣ ਨੂੰ ਪਰਗਟ ਕਰਨ ਦਾ ਇਕ ਢੰਗ ਇਹ ਕਹਿਣਾ ਹੈ ਕਿ ਸਾਨੂੰ ਸੰਸਾਰ ਤੋਂ ਵੱਖ ਹੋਣਾ ਜ਼ਰੂਰੀ ਹੈ।

> ਅਤੇ ਇਸ ਜੁੱਗ ਦੇ ਰੂਪ ਜੇਹੇ ਨਾ ਬਣੋ ਸਗੋਂ ਆਪਣੀ ਬੁੱਧ ਦੇ ਨਵੇਂ ਹੋਣ ਕਰਕੇ ਹੋਰ ਸਰੂਪ ਵਿਚ ਬਦਲਦੇ ਜਾਓ ਤਾਂ ਜੋ ਤੁਸੀਂ ਸਿਆਣ ਲਵੋ ਭਈ ਪਰਮੇਸ਼ੁਰ ਦੀ ਚੰਗੀ ਅਤੇ ਮਨ ਭਾਉਂਦੀ ਅਤੇ ਪੂਰੀ ਇੱਛਿਆ ਕੀ ਹੈ (ਰੋਮੀਆਂ 12:2)।

> ਹੇ ਵਿਭਚਾਰਣੋ, ਕੀ ਤੁਹਾਨੂੰ ਮਲੂਮ ਨਹੀਂ ਭਈ ਸੰਸਾਰ ਦਾ ਮਿੱਤ੍ਰਚਾਰਾ ਪਰਮੇਸ਼ੁਰ ਦਾ ਵੈਰ ਹੈ? ਫੇਰ ਜੇ ਕੋਈ ਸੰਸਾਰ ਦਾ ਮਿੱਤਰ ਹੋਇਆ ਚਾਹੁੰਦਾ ਹੈ ਸੋ ਆਪਣੇ ਆਪ ਨੂੰ ਪਰਮੇਸ਼ੁਰ ਦਾ ਵੈਰੀ ਬਣਾਉਂਦਾ ਹੈ (ਯਾਕੂਬ 4:4)।

> ਸੰਸਾਰ ਨਾਲ ਮੋਹ ਨਾ ਰੱਖੋ, ਨਾ ਉਨ੍ਹਾਂ ਵਸਤਾਂ ਨਾਲ ਜੋ ਸੰਸਾਰ ਵਿਚ ਹਨ ਜੇ ਕੋਈ ਸੰਸਾਰ ਨਾਲ ਮੋਹ ਰੱਖਦਾ ਹੋਵੇ ਤਾਂ ਉਹ ਦੇ ਵਿਚ ਪਿਤਾ ਦਾ ਪ੍ਰੇਮ ਨਹੀਂ (1 ਯੂਹੰਨਾ 2:15)।

ਜੇ ਲੂਣ ਵੀ ਉਸੇ ਚੀਜ਼ ਦਾ ਬਣਿਆ ਹੁੰਦਾ, ਜਿਸ ਤੋਂ ਮੀਟ ਬਣਦਾ ਹੈ, ਤਾਂ ਇਸ ਨਾਲ ਇਸ ਨੂੰ ਖਰਾਬ ਹੋਣ ਤੋਂ ਬਚਾਇਆ ਨਹੀਂ ਜਾ ਸਕਦਾ ਸੀ। ਜੇ ਅਸੀਂ ਸੰਸਾਰ ਵਰਗੇ ਹਾਂ ਤਾਂ ਸੰਸਾਰ ਨੂੰ ਬਚਾਉਣ ਵਾਲਾ ਸਾਡੇ ਵਿਚ ਗੁਣ ਨਹੀਂ ਹੈ। ਇਸ ਦਾ ਅਰਥ ਇਹ ਨਹੀਂ ਕਿ ਸਾਨੂੰ ਵੱਖ ਹੀ ਹੋਣਾ ਚਾਹੀਦਾ ਹੈ।[16] ਪਰ ਇਸ ਦਾ ਇਹ ਅਰਥ ਜ਼ਰੂਰ ਹੈ ਕਿ ਸਾਨੂੰ ਸਭ ਤੋਂ ਹਟ ਕੇ ਹੋਣਾ ਜ਼ਰੂਰੀ ਹੈ।

ਕੀ ਸਾਨੂੰ ਵੇਖ ਕੇ ਲੋਕਾਂ ਨੂੰ ਲਗਦਾ ਹੈ ਕਿ ਅਸੀਂ ਮਸੀਹੀ ਹਾਂ– ਸਾਡੇ ਕੰਮਾਂ ਤੋਂ ਸਾਡੇ ਚਾਲ ਚਲਣ ਤੋਂ, ਸਾਡੀ ਗੱਲ ਬਾਤ ਤੋਂ, ਸਾਡੇ ਕੱਪੜਿਆਂ ਤੋਂ ਅਤੇ ਮੁਸੀਬਤਾਂ ਨਾਲ ਨਿਪਟਣ ਦੇ ਸਾਡੇ ਢੰਗ ਤੋਂ? ਮਸੀਹੀ ਹੋਣ ਦੇ ਨਾਤੇ ਇਹ ਪ੍ਰਭਾਵ ਹੋਣਾ ਜ਼ਰੂਰੀ ਹੈ ਕਿ ਅਸੀਂ ਪਰਿਵਾਰਾਂ ਨਾਲ ਕਿਵੇਂ ਵਿਹਾਰ ਕਰਦੇ ਹਾਂ, ਦੁਕਾਨਦਾਰ ਨਾਲ ਕਿਵੇਂ ਗੱਲ ਕਰਦੇ ਹਾਂ, ਅਤੇ ਖੇਡਾਂ ਵਿਚ ਕਿਵੇਂ ਖੇਡਦੇ ਹਾਂ।

ਧਿਆਨ ਦਿਓ ਕਿ ਯਿਸੂ ਨੇ ਇਹ ਨਹੀਂ ਆਖਿਆ ਸੀ ਕਿ ''ਤੁਸੀਂ ਕਲੀਸੀਆ ਦੇ ਲੂਣ ਹੋ,'' ਸਗੋਂ ਉਸ ਨੇ ਆਖਿਆ ਸੀ ਕਿ ''ਤੁਸੀਂ ਧਰਤੀ ਦੇ ਲੂਣ ਹੋ'' ਇਸ ਤੋਂ ਸੰਕੇਤ ਮਿਲਦਾ ਹੈ ਕਿ ਕਲੀਸੀਆ ਦੇ ਬਹੁਤ ਕੰਮ ਚਰਚ ਬਿਲਡਿੰਗ ਵਿਚ ਹੀ ਹੁੰਦੇ ਹਨ, ਲੇਕਿਨ ਸਾਨੂੰ ਉੱਥੇ ''ਲੂਣ'' ਹੋਣਾ ਜ਼ਰੂਰੀ ਹੈ, ਜਿੱਥੇ ਲੋਕ ਰਹਿੰਦੇ ਹਨ ਭਾਵ ਬਜ਼ਾਰ ਵਿਚ, ਦਫ਼ਤਰ ਵਿਚ। ਯਿਸੂ ਪਾਪੀਆਂ ਦਾ ਮਿੱਤਰ ਸੀ (ਮੱਤੀ 11:19)। *ਆਊਟ ਆਫ਼ ਦਾ ਸਾਲਟ ਸ਼ੇਕਰ ਐਂਡ ਇਨ ਟੂ ਦ ਵਰਲਡ*[17] ਨਾਮਕ ਕਿਤਾਬ ਵਿਚ ਮਸੀਹੀ ਲੋਕਾਂ ਨੂੰ ਸਮਾਜ ਦੇ ਅੰਦਰ ਵੜਣ ਦੀ ਬੇਨਤੀ ਕੀਤੀ ਗਈ ਹੈ, ਜਿੱਥੇ ਉਹ ਦੂਜਿਆਂ ਤੇ ਸਾਕਾਰਾਤਮਕ ਪ੍ਰਭਾਵ ਪਾ ਸਕਣ।

ਤੁਸੀਂ ਜਿੱਥੇ ਵੀ ਜਾਵੋ, ਜਿੱਥੇ ਵੀ ਰਹੋ ਤੁਹਾਨੂੰ ਖ਼ੁਦਾ ਦੀ ਖਰਾਬ ਹੋਣ ਤੋਂ ਬਚਾਉਣ ਵਾਲੀ ਸਮਰਥ ਬਣਨ ਦਾ ਹੁਕਮ ਦਿੱਤਾ ਗਿਆ ਹੈ। ਖ਼ੁਦਾ ਦੀ ਸੰਤਾਨ ਦੇ ਰੂਪ ਵਿਚ ਤੁਸੀਂ ਕਿਸੇ ਦੇ ਘਰ ਵਿਚ, ਦੂਜੀਆਂ ਥਾਂਵਾਂ ਤੇ ਜਾ ਕੇ ਲੋਕਾਂ ਨਾਲ ਸੰਪਰਕ ਕਰਦੇ ਹੋਣਗੇ। ਤੁਹਾਡੇ ਲਈ ਖ਼ੁਦਾ ਦੀ ਵੱਲੋਂ ਪ੍ਰਭਾਵ ਦੀ ਵਿਸ਼ੇਸ਼ ਥਾਂ ਇਹੀ ਹੈ। ''ਧਰਤੀ ਦਾ ਲੂਣ'' ਬਣਨ ਦੀ ਚੁਣੌਤੀ ਨੂੰ ਕਦੇ ਨਾ ਭੁੱਲੋ।

ਆਇਤ 13 ਦੇ ਅਖ਼ੀਰ ਹਿੱਸੇ ਵਿਚ, ਯਿਸੂ ਨੇ ਇਸ ਚੁਣੌਤੀ ਦੀ ਗੰਭੀਰਤਾ ਤੋਂ ਜ਼ੋਰ ਦਿੱਤਾ

ਹੈ ਕਿ ''... ਪਰ ਜੇ ਲੂਣ ਦਾ ਸੁਆਦ ਵਿਗੜ ਜਾਵੇ, ਤਾਂ ਫਿਰ ਕਿਸ ਚੀਜ਼ ਨਾਲ ਲੂਣਾ ਕੀਤਾ ਜਾਵੇਗਾ? ਫਿਰ ਉਹ ਕਿਸੇ ਕੰਮ ਦਾ ਨਹੀਂ ਸਿਵਾ ਇਸ ਦੇ ਕਿ ਬਾਹਰ ਸੁੱਟਿਆ ਜਾਵੇ ਅਤੇ ਮਨੁੱਖਾਂ ਦੇ ਪੈਰਾਂ ਥੱਲੇ ਲਤਾੜਿਆ ਜਾਵੇ।'' KJV ਵਿਚ ਲੂਣ ਦਾ ਆਪਣਾ ਸੁਆਦ ਗੁਆਉਣ ਦੀ ਗੱਲ ਹੈ। ਦ NIV ਵਿਚ ''ਜੇ ਲੂਣ ਆਪਣਾ ਸੁਆਦ ਗੁਆ ਦਵੇ ਤਾਂ ਇਸ ਨੂੰ ਦੁਬਾਰਾ ਸਲੂਣਾ ਕਿਵੇਂ ਕੀਤਾ ਜਾ ਸਕਦਾ ਹੈ? ਲਿਖਿਆ ਹੈ।''

ਹੋ ਸਕਦਾ ਹੈ ਕਿ ਸਾਡੇ ਵਿੱਚੋਂ ਕਈ ਲੋਕਾਂ ਨੂੰ ਇਹ ਸਮਝ ਨਾ ਆਏ ਕਿ ਲੂਣ ਆਪਣਾ ਸੁਆਦ ਅਤੇ ਸਲੂਣਾਪਣ ਕਿਵੇਂ ਗੁਆਉਂਦਾ ਹੈ, ਕਿਉਂਕਿ ਅਸੀ ਤਾਂ ਬਜ਼ਾਰ ਤੋਂ ਸ਼ੁੱਧ ਸਫ਼ੇਦ ਲੂਣ ਖਰੀਦਦੇ ਹਾਂ। ਉਹ ਲੂਣ ਸਲੂਣਾ ਹੀ ਹੁੰਦਾ ਹੈ। ਉਸ ਦਾ ਇਕ ਇਕ ਕਣ ਵੀ ਸਲੂਣਾ ਹੁੰਦਾ ਹੈ। ਪਰ ਬਾਈਬਲ ਦੇ ਸਮਿਆਂ ਵਿਚ ਲੂਣ ਸਮੁੰਦਰ ਦੇ ਪਾਣੀ ਨੂੰ ਸੁਕਾ ਕੇ ਬਣਾਇਆ ਜਾਂਦਾ ਸੀ। ਲੂਣ ਵਿਚ ਕੁਦਰਤੀ ਤੌਰ ਤੇ ਕਈ ਅਸ਼ੁੱਧੀਆਂ ਹੁੰਦੀਆਂ ਹਨ। ਮੋਟੇ ਲੂਣ ਨੂੰ ਜੇ ਜ਼ਮੀਨ ਤੇ ਰਗੜਿਆ ਜਾਵੇ, ਤਾਂ ਇਸ ਵਿਚ ਕੁਝ ਮਿੱਟੀ ਅਤੇ ਰੇਤ ਮਿਲਦੀ ਹੈ। ਜੇ ਉਸ ਵਿੱਚੋਂ ਨਿਕਲੇ ਲੂਣ ਦੇ ਕਣਾਂ ਨੂੰ ਤੱਤਾਂ ਨਾਲ ਦੂਰ ਕੀਤਾ ਜਾਵੇ, ਤਾਂ ਵਧੇਰੇ ਕਰਕੇ ਸੋਡੀਅਮ ਕਲੋਰਾਈਡ[18] ਨਿਕਲ ਜਾਂਦਾ ਹੈ। ਜੋ ਕੁਝ ਬਚੇਗਾ ਉਸ ਵਿੱਚੋਂ ਐਨਾ ਲੂਣ ਹੋਵੇਗਾ ਕਿ ਉਸ ਨਾਲ ਧਰਤੀ ਨੂੰ ਜੀਵਾਣੂ ਰਹਿਤ ਕੀਤਾ ਜਾ ਸਕਦਾ ਹੈ, ਪਰ ਉਸ ਦਾ ਆਪਣਾ ਕੋਈ ਮਹੱਤਵ ਨਹੀਂ ਹੈ। ਇਹ 'ਲੂਣ'' ਆਪਣੇ ਗੁਣ ਨੂੰ ਗੁਆ ਚੁੱਕਾ ਹੈ।

ਫ਼ਲਸਤੀਨ ਵਿਚ ਚੰਗੀ ਜ਼ਮੀਨ ਬੜੀ ਮਹਿੰਗੀ ਹੈ। ਫ਼ਸਲਾਂ ਦੀ ਪੈਦਾਵਾਰ ਲਈ ਮੌਜੂਦ ਜ਼ਮੀਨ ਦੇ ਇਕ ਇਕ ਇੰਚ ਦੀ ਉਹ ਵਰਤੋਂ ਕਰਦੇ ਸਨ। ਕਿਸਾਨ ਖੇਤਾਂ ਵਿਚ ਛੋਟੇ ਛੋਟੇ ਪਹੇ ਬਣਾਉਂਦੇ ਸਨ ਲੋਕ ਜ਼ਮੀਨ ਵਿਚ ਅਜਿਹਾ ਲੂਣ ਸੁੱਟਣ ਦਾ ਹੀਆ ਨਹੀਂ ਕਰਦੇ ਸਨ। ''ਜਿਹੜਾ ਸਲੂਣਾ'' ਹੋਵੇ ਕਿਉਂਕਿ ਉਸ ਨਾਲ ਜਮੀਨ ਦੀ ਉਪਜਾਊ ਸ਼ਕਤੀ ਖਰਾਬ ਹੋ ਜਾਂਦੀ ਸੀ (ਮੈਨੂੰ ਇਹ ਸਬਕ ਵੱਡੀ ਮੁਸ਼ਕਲ ਨਾਲ ਤਾਂ ਸਮਝ ਆਇਆ, ਜਦੋਂ ਮੈਂ ਘਰ ਵਿਚ ਆਈਸਕ੍ਰੀਮ ਬਣਾਉਣ ਦੇ ਬਾਅਦ ਵਰਤੀ ਗਈ ਬੇਕਾਰ ਬਰਫ਼ ਨੂੰ ਅਤੇ ਲੂਣੇ ਪਾਣੀ ਨੂੰ ਬਗੀਚੇ ਵਿਚ ਸੁੱਟ ਦਿੱਤਾ) ਇਸ ਦੇ ਉਲਟ, ਉਹ ਤਾਂ ਰਾਹਾਂ ਵਿਚ ਲੂਣ ਦੇ ਤੋਦੇ ਸੁੱਟ ਦਿੰਦੇ ਸਨ, ਜਿੱਥੇ ਇਨ੍ਹਾਂ ਨਾਲ ਕੋਈ ਨੁਕਸਾਨ ਨਹੀਂ ਪਹੁੰਚਦਾ। ਉੱਥੇ ਇਹ ''ਲੋਕਾਂ ਦੇ ਪੈਰਾਂ ਹੇਠ ਲਤਾੜਿਆ ਜਾਂਦਾ'' ਸੀ।

ਇਹ ਉਦਾਹਰਣ ਉਸ ਮਸੀਹੀ ਦੀ ਯਿਸੂ ਵੱਲੋਂ ਦੁਖਦ ਵਿਆਖਿਆ ਹੈ, ਜੋ ''ਧਰਤੀ ਦਾ ਲੂਣ'' ਹੋਣ ਦੀ ਆਪਣੀ ਸਮਰਥਾ ਨੂੰ ਸਮਝਣ ਦੀ ਕੋਸ਼ਿਸ਼ ਨਹੀਂ ਕਰਦਾ। ਉਸ ਦਾ ਸਪਸ਼ੱਟ ਨਤੀਜਾ ਇਹ ਹੈ ਕਿ ਅਜਿਹਾ ਬੰਦਾ ''ਕਿਸੇ ਕੰਮ ਦਾ ਨਹੀਂ'' ਹੈ।

## ਸਾਰ

ਲੂਣ ਅਤੇ ਚਾਨਣः ਇਨ੍ਹਾਂ ਆਮ ਜਿਹੀਆਂ ਚੀਜ਼ਾਂ ਰਾਹੀਂ ਬੇਸ਼ਕੀਮਤੀ ਸਬਕ ਸਿਖਾਉਣ ਲਈ ਵਰਤਿਆ ਗਿਆ ਹੈ। ਅਗਲੇ ਸਰਮਨ ਵਿਚ ਅਸੀਂ ''ਚਾਨਣ'' ਬਣਨ ਦਾ ਅਧਿਐਨ ਕਰਾਂਗੇ; ਹੁਣ ਲਈ, ਮੈਨੂੰ ਆਸ ਹੈ ਕਿ ਸਾਡੇ ਵਿੱਚੋਂ ਹਰ ਕਿਸੇ ਤੇ ''ਤੁਸੀਂ ਧਰਤੀ ਦਾ ਲੂਣ'' ਹੋ ਸਬਕਾਂ ਦਾ ਅਸਰ ਹੋਇਆ ਹੋਵੇਗਾ। ਯਿਸੂ ਨੇ ਇਹ ਸ਼ਬਦ ਆਖ ਕੇ ਸਾਨੂੰ ਬਹੁਤ ਵੱਡੀ ਇੱਜ਼ਤ ਬਖ਼ਸ਼ੀ ਹੈ। ਪ੍ਰਭੂ ਦੀ ਨਜ਼ਰ ਵਿਚ ਅਸੀਂ ਖ਼ਾਸ ਲੋਕ ਹਾਂ ਭਾਵ ਸਾਡਾ ਮਹੱਤਵ ਹੈ। ਸਾਨੂੰ ਚਾਹੀਦਾ ਹੈ ਕਿ ਆਪਣੇ ਆਪ ਨੂੰ ਸਸਤੇ ਵਿਚ ਨਾ ਵੇਖੀਏ।

ਉਸ ਨੇ ਸਾਨੂੰ ਬਹੁਤ ਵੱਡੀ ਚੁਣੌਤੀ ਦਿੱਤੀ ਹੈ। ਕਿਸੇ ਦੇ ਲਈ ਇਹ ਕਹਿਣ ਤੋਂ ਵੱਡੀ ਬੇਜ਼ਤੀ ਕੋਈ ਨਹੀਂ ਹੋ ਸਕਦੀ ਕਿ ''ਉਹ ਕਿਸੇ ਕੰਮ ਦਾ ਨਹੀਂ।'' ਰੂਹਾਨੀ ਤੌਰ ਤੇ ਮੈਂ ''ਕਿਸੇ ਕੰਮ ਦਾ ਨਹੀਂ'' ਨਹੀਂ ਸੁਣਨਾ ਚਾਹੁੰਦਾ, ਕੀ ਤੁਸੀਂ ਸੁਣਨਾ ਚਾਹੁੰਦੇ ਹੋ? ਆਓ ਅਸੀਂ ਇਕ ਵਿਲੱਖਣ ਜ਼ਿੰਦਗੀ ਜੀਣ ਦਾ ਇਰਾਦਾ ਕਰੀਏ, ਜੋ ਦੁਨੀਆਂ ਨਾਲੋਂ ਵੱਖਰਾ ਹੋਵੇ। ''ਧਰਤੀ ਦਾ ਲੂਣ'' ਬਣਨ ਵਿਚ ਖ਼ੁਦਾ

ਸਾਡੀ ਮਦਦ ਕਰੇ।[19]

---

ਟਿੱਪਣੀਆਂ

[1]''ਸਸਤੇ ਵਿਚ ਵੇਚਣਾ'' ਕਿਸੇ ਚੀਜ਼ ਨੂੰ ਬਹੁਤ ਘੱਟ ਮੁੱਲ ਤੇ ਵੇਚਣਾ ਹੈ। ਜਦ ਕੋਈ ਆਦਮੀ ''ਆਪਣੇ ਆਪ ਨੂੰ ਸਸਤੇ ਵਿਚ ਵੇਚਦਾ'' ਹੈ ਤਾਂ ਉਹ ਆਪਣਾ ਅਸਲੀ ਮੁੱਲ ਨਹੀਂ ਜਾਣਦਾ। ਇਕ ਮਸੀਹੀ ਆਦਮੀ ਲਈ ਜ਼ਰੂਰੀ ਹੈ ਕਿ ਉਹ ''ਆਪਣੇ ਆਪ ਨੂੰ ਜਿੰਨਾ ਚਾਹੀਦਾ ਹੈ ਉਸ ਨਾਲੋਂ ਵੱਧ ਨਾ ਸਮਝੇ'' (ਰੋਮੀਆਂ 12:3)। ਨਾ ਹੀ ਉਸ ਨੂੰ ਇਹ ਮੰਨਣਾ ਚਾਹੀਦਾ ਕਿ ਉਹ ਕਿਸੇ ਕੰਮ ਦਾ ਨਹੀਂ ਹੈ। ਸਾਡੀ ਕੀਮਤ ਨਿੱਜੀ ਯੋਗਤਾ ਨਾਲ ਨਹੀਂ, ਬਲਕਿ ਉਸ ਮੁੱਲ ਨਾਲ ਮਿਲਦੀ ਹੈ, ਜੋ ਸਾਡੇ ਖ਼ੁਦਾ ਨੇ ਠਹਿਰਾਇਆ ਹੈ। ਜੇ ਤੁਹਾਡੇ ਪਾਸੇ ''ਸਸਤੇ ਵਿਚ ਵੇਚਣਾ'' ਵਾਕ ਤੋਂ ਲੋਕ ਵਾਕਫ਼ ਨਾ ਹੋਣ ਤਾਂ ਇਸ ਨਾਲ ਮਿਲਦੇ ਜੁਲਦੇ ਅਰਥ ਵਾਲਾ ਵਾਕੰਸ਼ ਵਰਤੋ, ਜਿਸ ਤੋਂ ਤੁਹਾਡੇ ਸੁਣਨ ਵਾਲੇ ਵਾਕਫ਼ ਹੋਣ। [2]ਲੂਣ ਦਾ ਪ੍ਰਭਾਵ ਮੂਲ ਵਿਚ ਇਕ ਸਲੂਣਾ ਘੋਲ ਹੈ। ਕਈ ਮਰੀਜ਼ਾਂ ਨੂੰ ਡਾਕਟਰਾਂ ਵੱਲੋਂ ਲੂਣ ਤੋਂ ਪਰਹੇਜ਼ ਕਰਨ ਲਈ ਆਖਿਆ ਜਾਂਦਾ ਹੈ। ਪਰ ਕਈ ਵਾਰ ਅਖੌਤੀ ''ਨਮਕ ਰਹਿਤ'' ਖਾਣਿਆਂ ਵਿਚ ਥੋੜ੍ਹਾ ਬਹੁਤ ਲੂਣ ਹੁੰਦਾ ਹੀ ਹੈ। [3]ਆਮ ਕਰਕੇ ਇਸ ਸੂਚੀ ਵਿਚ ਮੈਂ ਇਕ ਦੂਜੇ ਨਾਲ ਮਿਲਦੇ ਜੁਲਦੇ ਇਕ ਪਾਠ ਲਈ ਕਦੇ ਕਦੇ ਦੋ ਪਾਠਾਂ ਦੀ ਵਰਤੋਂ ਕੀਤੀ ਹੈ। ਇਨ੍ਹਾਂ ਵਿੱਚੋਂ ਇਕ ਐਤਵਾਰ ਸਵੇਰ ਅਤੇ ਦੂਜੇ ਐਤਵਾਰ ਸ਼ਾਮ ਨੂੰ ਜਾਂ ਮੰਡਲੀ ਦੇ ਕਿਸੇ ਹੋਰ ਸਮੇਂ ਇਕੱਠਾ ਹੋਣ ਤੇ ਸੁਣਾਇਆ ਜਾ ਸਕਦਾ ਹੈ। [4]ਇਹ ਸਹਾਇਕ ਇਜ਼ਹਾਰ ਆਪਣੀ ਵਿਆਖਿਆ ਆਪੇ ਕਰਦੀ ਹੈ। [5]ਜੇ ਤੁਹਾਡੇ ਪਾਸੇ ਲੋਕ ਇਸ ਇਜ਼ਹਾਰ ਦੀ ਵਰਤੋਂ ਨਹੀਂ ਕਰਦੇ ਤਾਂ ਇਸ ਨੂੰ ਉਵੇਂ ਹੀ ਇਸਤੇਮਾਲ ਕਰੋ ਜਿਵੇਂ ''ਉਹ ਧਰਤੀ ਦਾ ਲੂਣ ਹਨ'' ਵਿਚ ਕੀਤਾ ਗਿਆ (ਪਿਛਲੀ ਟਿੱਪਣੀ ਵੇਖੋ)। [6]ਅੱਯੂਬ ਆਖ ਰਿਹਾ ਸੀ ਕਿ ਉਸ ਦੇ ''ਮਿੱਤਰਾਂ'' ਦੀ ''ਤਸੱਲੀ'' ਅਲੂਣੇ ਖਾਣੇ ਵਾਂਗ ਸੀ। ਲੂਣ ਦੇ ਸੁਆਦ ਨੂੰ ਵਧਾਉਣ ਸਬੰਧੀ ਇਕ ਹੋਰ ਆਇਤ ਕੁਲੁੱਸੀਆਂ 4:6 ਹੈ, ਜੋ ਆਖਦੀ ਹੈ ਕਿ ਸਾਡਾ ਬੋਲਚਾਲ ''ਸਲੂਣਾ'' ਹੋਵੇ। ਸਾਨੂੰ ਆਪਣੇ ਬੋਲਚਾਲ ਨੂੰ ਸੁਆਦਲਾ ਬਣਾਉਣ ਦੀ ਕੋਸ਼ਿਸ਼ ਕਰਦੇ ਰਹਿਣਾ ਚਾਹੀਦਾ ਹੈ। [7]ਲੈਸਲੀ ਜੀ. ਥੌਮਸ, *ਦ ਸਰਮਨ ਆਨ ਦ ਮਾਊਂਟ: ਏ ਸੀਰੀਜ਼ ਆਫ਼ ਸਟੱਡੀਜ਼ ਇਨ ਦ ਮੌਰਲ ਐਂਡ ਰਿਲੀਜਿਅਸ ਟੀਚਿੰਗਜ਼ ਆਫ਼ ਜੀਜ਼ਸ* (ਨੈਸ਼ਵਿੱਲੇ: ਗੌਸਪਲ ਐਡਵੋਕੇਟ ਕੰ., 1958), 22 ਵਿਚ ਏ. ਸੀ. ਡਿਕਸਨ। [8]ਜੇ ਤੁਸੀਂ ਉੱਥੇ ਰਹਿੰਦੇ ਹੋ ਜਿੱਥੇ ''ਫ਼ਲੈਟ'' ਦਾ ਮਤਲਬ ''ਬੇਸੁਆਦ'' ਹੈ ਤਾਂ ਤੁਸੀਂ ਕਹਿ ਸਕਦੇ ਹੋ ''ਫ਼ਲੈਟ ਮੁੱਕ ਗਿਆ।'' [9]ਇਸ ਦਾ ਮਤਲਬ ਹੈ, ''ਕਿਸੇ ਤੋਂ ਕੋਈ ਕੰਮ ਜ਼ਬਰਦਸਤੀ ਨਹੀਂ ਕਰਵਾਇਆ ਜਾ ਸਕਦਾ।'' [10]ਜੇ ਤੁਸੀਂ ਮੀਟ ਨੂੰ ਖਰਾਬ ਹੁੰਦੇ ਵੇਖਿਆ ਹੈ, ਤਾਂ ਉਸ ਕਹਾਣੀ ਨੂੰ ਆਪਣੇ ਸੁਣਨ ਵਾਲਿਆਂ ਨੂੰ ਸੁਣਾਓ।

[11]ਮੀਟ ਨੂੰ ਖਰਾਬ ਹੋਣ ਤੋਂ ਬਚਾਉਣ ਦਾ ਇਕ ਤਰੀਕਾ ਇਸ ਨੂੰ ਸੁਕਾ ਲੈਣਾ ਹੈ। ਸੁੱਕਾ ਮੀਟ, ਮੀਟ ਦੇ ਨਾ ਹੋਣ ਨਾਲੋਂ ਚੰਗਾ ਸੀ। [12]ਅਮਰੀਕਾ ਦੇ ਕੁਝ ਹਿੱਸਿਆਂ ਅਤੇ ਹੋਰ ਥਾਂਵਾਂ ਵਿਚ, ਅੱਜ ਵੀ ਇਹੀ ਢੰਗ ਵਰਤਿਆ ਜਾਂਦਾ ਹੈ। [13]ਤਾਂ ਵੀ ਦੁਨੀਆਂ ਦੇ ਜਿਸ ਹਿੱਸੇ ਵਿਚ ਤੁਸੀਂ ਰਹਿੰਦੇ ਹੋ, ਤੁਹਾਨੂੰ ਉੱਥੋਂ ਦੇ ਆਂਕੜੇ ਦੇਣੇ ਚਾਹੀਦੇ ਹਨ: ਆਂਕੜੇ ਜਿਨ੍ਹਾਂ ਤੋਂ ਨੇੜੇ ਤੇੜੇ ਦੀ ਵਧਦੀ ਅਬਾਦੀ ਦਾ ਪਤਾ ਲਗਦਾ ਹੋਵੇ। [14]ਅਮਰੀਕਾ ਵਿਚ, ਜ਼ਿਆਦਾ ਕਰਕੇ ਨਗਰਾਂ ਵਿਚ ਚੈਂਬਰ ਆਫ਼ ਕਾਮਰਸ ਹੁੰਦਾ ਹੈ, ਜੋ ਉਸ ਖੇਤਰ ਦੇ ਵਪਾਰੀ ਅਤੇ ਹੋਰ ਪ੍ਰਭਾਵਸ਼ਾਲੀ ਲੋਕਾਂ ਦਾ ਇਕ ਸੰਗਠਨ ਹੈ ਭਾਵੇਂ ਇਹ ਕੋਈ ਪ੍ਰਬੰਧਕੀ ਸਮੂਹ ਨਹੀਂ ਹੈ। ਪਰ ਇਸ ਨਾਲ ਉਸ ਖੇਤਰ ਦੇ ਵਿਕਾਸ ਅਤੇ ਤਰੱਕੀ ਨੂੰ ਬੜੀ ਹੱਲਾਸ਼ੇਰੀ ਮਿਲਦੀ ਹੈ। [15]ਯੂਨਾਨੀ ਵਿਚ ਦੂਜੀਆਂ ਕਿਰਿਆਵਾਂ ਵਾਂਗ ਮੱਤੀ 5:13 ਦੀ ''ਕਿਰਿਆ'' ਦੇ ਵਿਸ਼ੇ ਨੂੰ ਸਮਝਿਆ ਜਾ ਸਕਦਾ ਹੈ। (ਇਸ ਮਾਮਲੇ ਵਿਚ ''ਤੁਸੀਂ'') ਵਾਕ ਦੇ ਸ਼ੁਰੂ ਵਿਚ ''ਤੁਸੀਂ'' ਲਈ ਯੂਨਾਨੀ ਸ਼ਬਦ ਦਾ ਜੁੜਨਾ ਉਸ ਸ਼ਬਦ ਤੇ ਜ਼ੋਰ ਦੇਣ ਦਾ ਅਸਰ ਹੈ। [16]ਚਾਹੋ ਤਾਂ ਤੁਸੀਂ ਆਪਣੇ ਸਮਾਜ ਦੇ ਕਿਸੇ ਭਾਗ ਦੇ ਅਜੀਬ ਵਿਹਾਰ ਅਤੇ ਜਾਂ ਲਿਬਾਸ ਦੀ ਮਿਸਾਲ ਦੇ ਸਕਦੇ ਹੋ। ਜਦ ਮੈਂ ਇਸ ਪਾਠ ਨੂੰ ਪੜ੍ਹਿਆ ਜਾਂ ਸੁਣਿਆ ਕਰਦਾ ਸਾਂ, ਤਾਂ ਉਸ ਸਮੇਂ ਲੋਕਾਂ ਨੂੰ ਅੰਕੜੇ ਹਰੇ ਵਾਲ ਰੱਖਣ ਦਾ ਸ਼ੌਕ ਸੀ; ਮੇਰੇ ਬਹੁਤ

ਸਾਰੇ ਸੁਣਨ ਵਾਲਿਆਂ ਨੇ ਟੀਵੀ ਤੇ ਅਜਿਹੇ ਲੋਕਾਂ ਨੂੰ ਵੇਖਿਆ ਸੀ। ਮੈਂ ਆਖਿਆ, ''ਇਸ ਦਾ ਮਤਲਬ ਇਹ ਨਹੀਂ ਕਿ ਸਾਨੂੰ ਹਰੇ ਰੰਗ ਦੇ ਪੂਛਾਂ ਵਾਲੇ ਵਾਲ ਰੱਖਣੇ ਚਾਹੀਦੇ ਹਨ; ਇਸ ਦਾ ਭਾਵ ਇਹ ਹੈ ਕਿ ਸਾਨੂੰ ਉਨ੍ਹਾਂ ਨਾਲੋਂ ਫ਼ਰਕ ਨਜ਼ਰ ਆਉਣਾ ਚਾਹੀਦਾ ਹੈ।'' [17]ਰਿਬੱਕਾ ਮੈਨਲੇ ਪਿਪਰਟ, *ਆਊਟ ਆਫ਼ ਦ ਸਾਲਟ ਸ਼ੇਕਰ ਐਂਡ ਇਨ ਟੂ ਦ ਵਰਲਡ* (ਡਾਊਨਰਜ਼ ਗ੍ਰੋਵ, ਇਲਿਨੋਇਸਃ ਇੰਟਰਵਰਸਿਟੀ ਪ੍ਰੈਸ, 1979)। [18]ਸੋਡੀਅਮ ਕਲੋਰਾਈਡ ਵਿਗਿਆਨਕ ਭਾਸ਼ਾ ਵਿਚ ਖਾਣ ਵਾਲੇ ਲੂਣ ਨੂੰ ਕਹਿੰਦੇ ਹਨ। [19]ਇਸ ਸਰਮਨ ਦੀ ਵਰਤੋਂ ਕਰਨ ਲਈ ਤੁਹਾਨੂੰ ਚਾਹੀਦਾ ਹੈ ਕਿ ਆਪਣੇ ਸੁਣਨ ਵਾਲਿਆਂ ਨੂੰ ਸਹੀ ਤਰ੍ਹਾਂ ਦਾ ਪ੍ਰਭਾਵ ਰੱਖਣ ਲਈ ਜੋ ਵੀ ਜ਼ਰੂਰੀ ਹੋਵੇ, ਉਸ ਨੂੰ ਕਰਨ ਲਈ ਦਲੇਰ ਕਰੋ। ਕਈਆਂ ਲਈ ਵਿਸ਼ਵਾਸ ਕਰਕੇ ਬਪਤਿਸਮੇ ਰਾਹੀਂ ਮਸੀਹੀ ਬਣਨਾ ਜ਼ਰੂਰੀ ਹੋ ਸਕਦਾ ਹੈ (ਮਰਕੁਸ 16ਃ16)। ਬੇਵਿਸ਼ਵਾਸੇ ਮਸੀਹੀ ਲੋਕਾਂ ਲਈ ਤੌਬਾ, ਇਕਰਾਰ ਅਤੇ ਦੁਆ ਦੇ ਰਾਹੀਂ ਘਰ ਵਾਪਸੀ ਜ਼ਰੂਰੀ ਹੋ ਸਕਦਾ ਹੈ (ਰਸੂਲਾਂ ਦੇ ਕੰਮ 8ਃ22; ਯਾਕੂਬ 5ਃ16)।